# ਸ਼੍ਰੇਣੀ-ਗਿਆਰ੍ਹਵੀਂ
# ਲਾਜ਼ਮੀ ਪੰਜਾਬੀ
# ਸਮੈਸਟਰ ਅਨੁਸਾਰ ਪਾਠ-ਕ੍ਰਮ ਵੰਡ
# ਸਮੈਸਟਰ-I

## ਪਹਿਲਾ ਭਾਗ

ਅਧਿਆਇ-1 ਪੰਜਾਬੀ ਲੋਕ ਸਾਹਿਤ

- (i) ਸੁਹਾਗ (ii) ਘੋੜੀਆਂ (iii) ਸਿੱਠਣੀਆਂ
- (iv) ਮਿੱਥ ਕਥਾਵਾਂ : ਪ੍ਰਹਿਲਾਦ ਭਗਤ, ਨਲ ਦਮਯੰਤੀ
- (v) ਪਰੀ-ਕਥਾਵਾਂ : ਸਬਜ਼ ਪਰੀ, ਨੀਲ ਕਮਲ

## ਦੂਜਾ ਭਾਗ

ਅਧਿਆਇ-2 ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ

- (i) ਦਫ਼ਤਰੀ ਸ਼ਬਦਾਵਲੀ
- (ii) ਬੈਂਕ ਸੇਵਾਵਾਂ ਨਾਲ਼ ਸੰਬੰਧਿਤ ਵਾਕ
- (iii) ਰੇਲਵੇ ਸੇਵਾਵਾਂ ਨਾਲ਼ ਸੰਬੰਧਿਤ ਵਾਕ

ਅਧਿਆਇ-3 ਅਖ਼ਬਾਰ ਦੇ ਸੰਪਾਦਕ ਨੂੰ ਪੱਤਰ

- (i) ਪੱਤਰ ਨੰ. 1 ਤੋਂ ਪੱਤਰ ਨੰ 5
- (ii) ਅਭਿਆਸ ਵਿਚਲੇ ਪੱਤਰ 1 ਤੋਂ 6

ਅਧਿਆਇ-4 ਇਸ਼ਤਿਹਾਰ ਸੱਦਾ ਪੱਤਰ

- (i) ਇਸ਼ਤਿਹਾਰ 1 ਤੋਂ 14 ਤੱਕ
- (ii) ਸੱਦਾ ਪੱਤਰ 1 ਤੋਂ 4 ਤੱਕ

ਅਧਿਆਇ-5 ਪੈਰਾ ਰਚਨਾ

- (i) ਪੈਰਾ ਰਚਨਾ 1 ਤੋਂ 1● ਤੱਕ
- (ii) ਅਭਿਆਸ ਵਿਚਲੇ ਪੈਰਾ ਰਚਨਾ 1 ਤੋਂ 5 ਤੱਕ

ਅਧਿਆਇ-6 ਮੁਹਾਵਰੇ

- (i) 1 ਤੋਂ 4● ਤੱਕ

## ਸਮੈਸਟਰ-II

### ਪਹਿਲਾ ਭਾਗ

ਅਧਿਆਇ-1 ਪੰਜਾਬੀ ਲੋਕ ਸਾਹਿਤ
- (i) ਟੱਪਾ
- (ii) ਬੋਲੀਆਂ (ਲੰਮੀਆਂ)
- (iii) ਢੋਲਾ
- (iv) ਮਾਹੀਆ
- (v) ਨੀਤੀ ਕਥਾਵਾਂ
- (vi) ਦੰਤ ਕਥਾਵਾਂ
- (vii) ਪ੍ਰੀਤ ਕਥਾਵਾਂ

### ਦੂਜਾ ਭਾਗ

ਅਧਿਆਇ-2 ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ
- (i) ਵੱਖ-ਵੱਖ ਵਿਸ਼ਿਆਂ ਨਾਲ਼ ਸੰਬੰਧਿਤ ਸ਼ਬਦਾਵਲੀ
- (ii) ਡਾਕ ਸੇਵਾਵਾਂ ਨਾਲ਼ ਸੰਬੰਧਿਤ ਸ਼ਬਦਾਵਲੀ
- (iii) ਬੀਮਾਂ ਸੇਵਾਵਾਂ ਨਾਲ਼ ਸੰਬੰਧਿਤ ਸ਼ਬਦਾਵਲੀ

ਅਧਿਆਇ-3 ਅਖ਼ਬਾਰ ਦੇ ਸੰਪਾਦਕ ਨੂੰ ਪੱਤਰ
- (i) ਪੱਤਰ ਨੰ. 6 ਤੋਂ 12 ਤੱਕ
- (ii) ਅਭਿਆਸ ਵਿਚਲੇ ਪੱਤਰ 7 ਤੋਂ 16 ਤੱਕ

ਅਧਿਆਇ-4 ਇਸ਼ਤਿਹਾਰ- ਸੱਦਾ ਪੱਤਰ
- (i) ਇਸ਼ਤਿਹਾਰ 15 ਤੋਂ 25 ਤੱਕ
- (ii) ਸੱਦਾ ਪੱਤਰ 5 ਤੋਂ 1● ਤੱਕ

ਅਧਿਆਇ-5 ਪੈਰਾ ਰਚਨਾ
- (i) ਪੈਰਾ ਰਚਨਾ 1 ਤੋਂ 1● ਤੱਕ
- (ii) ਪੈਰਾ ਰਚਨਾ ਅਭਿਆਸ 'ਚੋ 6 ਤੋਂ 19 ਤੱਕ

ਅਧਿਆਇ-6 ਮੁਹਾਵਰੇ

41 ਤੋਂ 1●2 ਤੱਕ

**ਸ਼੍ਰੇਣੀ- ਗਿਆਰ੍ਹਵੀਂ**
**ਲਾਜ਼ਮੀ ਪੰਜਾਬੀ**

**ਪਰੀਖਿਆ ਪੱਖੋਂ ਅਧਿਆਪਕਾਂ ਵਿਦਿਆਰਥੀਆਂ, ਪੇਪਰ ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ।**

**ਸਮਾਂ : 3 ਘੰਟੇ** | **ਲਿਖਤੀ ਪੇਪਰ : 70 ਅੰਕ**
**ਆਂਤਰਿਕ ਮੁਲਾਂਕਣ : 30 ਅੰਕ**
**ਕੁੱਲ ਅੰਕ : 100 ਅੰਕ**

ਪ੍ਰਸ਼ਨ ਨੰ : 1 ਸਮੈਸਟਰ ਦੇ ਪਾਠ-ਕ੍ਰਮ ਦੇ ਆਧਾਰ 'ਤੇ ਸੰਖੇਪ ਉੱਤਰਾਂ ਵਾਲ਼ੇ 10 ਅੰਕ ਦੇ ਪ੍ਰਸ਼ਨ ਪੁੱਛੇ ਜਾਣਗੇ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ :-

<u>ਪੰਜਾਬੀ ਲੋਕ ਸਾਹਿਤ</u> : 4 ਅੰਕ (ਬਹੁ-ਚੋਣ, ਠੀਕ/ਗ਼ਲਤ, ਖ਼ਾਲੀ ਥਾਂਵਾਂ ਜਾਂ ਇੱਕ-ਦੋ ਸ਼ਬਦਾਂ ਦੇ ਉੱਤਰ ਵਾਲ਼ੇ ਪ੍ਰਸ਼ਨ)

<u>ਲੋਕ ਗੀਤ</u> : 2 ਅੰਕਾਂ ਦੇ ਦੋ ਪ੍ਰਸ਼ਨ-ਇੱਕ ਪ੍ਰਸ਼ਨ ਨਿਰਧਾਰਿਤ ਪਾਠ-ਸਮਗਰੀ ਦੀ ਪਰਿਭਾਸ਼ਾ ਅਤੇ ਇੱਕ ਪ੍ਰਸ਼ਨ ਨਿਰਧਾਰਿਤ ਪਾਠ-ਸਮਗਰੀ ਦੇ ਆਧਾਰ 'ਤੇ ਪੁੱਛਿਆ ਜਾਵੇਗਾ।

<u>ਲੋਕ ਕਥਾਵਾਂ</u> : 2 ਅੰਕਾਂ ਦੇ ਦੋ ਪ੍ਰਸ਼ਨ-ਇੱਕ ਪ੍ਰਸ਼ਨ ਵਿਭਿੰਨ ਲੋਕ-ਕਥਾਵਾਂ ਦੀ ਪਰਿਭਾਸ਼ਾ ਸੰਬੰਧੀ, ਇੱਕ ਪ੍ਰਸ਼ਨ ਪਾਤਰਾਂ ਸੰਬੰਧੀ।

<u>ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ</u> : 4 ਅੰਕ (ਸਿੱਧਾ ਅਰਥ ਪੁੱਛਣਾ, ਬਹੁਚੋਣ, ਮਿਲ਼ਾਨ ਕਰਨ)
ਸਮੈਸਟਰ-1 ਵਿੱਚ ਇਹ ਪ੍ਰਸ਼ਨ 'ਦਫ਼ਤਰੀ ਸ਼ਬਦਾਵਲੀ' ਵਿੱਚੋਂ ਅਤੇ ਸਮੈਸਟਰ-2 ਵਿੱਚ ਵੱਖ-ਵੱਖ ਵਿਸ਼ਿਆਂ ਨਾਲ਼ ਸੰਬੰਧਿਤ ਸ਼ਬਦਾਵਲੀ ਵਿੱਚੋਂ ਹੋਣਗੇ।

<u>ਮੁਹਾਵਰੇ</u> : 2 ਅੰਕ (1 ਅੰਕ ਵਰਤੋਂ ਸਥਿਤੀ ਦੱਸ ਕੇ ਢੁਕਵਾਂ ਮੁਹਾਵਰਾ ਪੁੱਛਣਾ
1 ਅੰਕ ਮੁਹਾਵਰੇ ਦੇ ਅਰਥ ਲਾਲ਼ ਸੰਬੰਧਿਤ ਬਹੁਚੋਣੀ ਪ੍ਰਸ਼ਨ)

10 ਅੰਕ

ਪ੍ਰਸ਼ਨ ਨੰ : 2 ਪੰਜਾਬੀ ਪਾਠ-ਪੁਸਤਕ ਵਿੱਚ ਲੋਕ ਗੀਤਾਂ ਬਾਰੇ ਦਿੱਤੇ ਪਾਠ-ਅਭਿਆਸਾਂ ਦੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨ ਦੇ ਕੇ, ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।

3 + 3 = 6 ਅੰਕ

ਪ੍ਰਸ਼ਨ ਨੰ : 3 ਪਾਠ-ਪੁਸਤਕ ਵਿੱਚ ਦਿੱਤੀਆਂ ਵੱਖ-ਵੱਖ ਵੰਨਗੀਆਂ ਦੀਆਂ ਲੋਕ-ਕਥਾਵਾਂ ਵਿੱਚੋਂ ਦੋ ਦੇ ਨਾਂ ਦੇ ਕੇ, ਕਿਸੇ ਇੱਕ ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ।

8 ਅੰਕ

ਪ੍ਰਸ਼ਨ ਨੰ : 4 ਪਾਠ-ਪੁਸਤਕ ਵਿੱਚੋਂ ਬੈਂਕ ਅਤੇ ਰੇਲਵੇ ਨਾਲ਼ ਸੰਬੰਧਿਤ (ਸਮੈਸਟਰ-1) ਅਤੇ ਡਾਕ ਅਤੇ ਬੀਮਾ ਸੇਵਾਵਾਂ ਨਾਲ਼ ਸੰਬੰਧਿਤ (ਸਮੈਸਟਰ-2) ਅੰਗਰੇਜ਼ੀ ਦੇ 6 ਵਾਕ ਦੇ ਕੇ, ਕੋਈ ਤਿੰਨ ਵਾਕਾਂ ਦਾ ਪੰਜਾਬੀ ਅਨੁਵਾਦ ਲਿਖਣ ਲਈ ਕਿਹਾ ਜਾਵੇਗਾ।

3 X 2 = 6 ਅੰਕ

ਪ੍ਰਸ਼ਨ ਨੰ : 5 ਕਿਸੇ ਮਸਲੇ / ਘਟਨਾ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖਣ ਲਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਬਾਰੇ ਲਿਖਣ ਲਈ ਕਿਹਾ ਜਾਵੇਗਾ।

2 + 6 + 2 = 10 ਅੰਕ

ਪ੍ਰਸ਼ਨ ਨੰ : 6 ਪੰਜਾਬੀ ਪਾਠ-ਪੁਸਤਕ ਵਿੱਚ ਦਿੱਤੀਆਂ ਵੰਨਗੀਆਂ ਅਨੁਸਾਰ, ਇੱਕ ਇਸ਼ਤਿਹਾਰ ਜਾਂ ਸੱਦਾ ਪੱਤਰ ਲਿਖਣ ਲਈ ਕਿਹਾ ਜਾਵੇਗਾ। ਦੋ ਵਿਸ਼ੇ ਦਿੱਤੇ ਹੋਣਗੇ। ਇਹਨਾਂ ਵਿੱਚੋਂ ਇੱਕ ਬਾਰੇ ਲਿਖਣਾ ਹੋਵੇਗਾ।

1● ਅੰਕ

ਪ੍ਰਸ਼ਨ ਨੰ : 7 ਕੋਈ ਤਿੰਨ ਵਿਸ਼ੇ ਦੇ ਕੇ, ਕਿਸੇ ਇੱਕ ਬਾਰੇ ਲਗ-ਪਗ 15● ਸ਼ਬਦਾਂ ਦੀ ਪੈਰਾ ਰਚਨਾ ਕਰਨ ਲਈ ਕਿਹਾ ਜਾਵੇਗਾ।

1● ਅੰਕ

ਪ੍ਰਸ਼ਨ ਨੰ : 8 ਪੰਜਾਬੀ ਪਾਠ-ਪੁਸਤਕ ਵਿਚੋਂ ਕੋਈ ਅੱਠ ਮੁਹਾਵਰੇ ਦੇ ਕੇ ਉਹਨਾਂ ਵਿੱਚੋਂ ਪੰਜ ਨੂੰ ਵਾਕਾਂ ਵਿਚ ਵਰਤਣ ਲਈ ਕਿਹਾ ਜਾਵੇਗਾ।

ਨੋਟ : ਉਪਰੋਕਤ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਿਤ ਸਮੈਸਟਰ-I ਅਤੇ ਸਮੈਸਟਰ-II ਦੇ ਪਾਠ-ਕ੍ਰਮ ਨੂੰ ਕ੍ਰਮਵਾਰ ਸਮੈਸਟਰ- I ਅਤੇ ਸਮੈਸਟਰ- II ਦਾ ਪ੍ਰਸ਼ਨ ਪੱਤਰ ਤਿਆਰ ਕਰਨ ਲਈ ਆਧਾਰ ਬਣਾਇਆ ਜਾਵੇਗਾ।

# ਸ਼੍ਰੇਣੀ- ਗਿਆਰ੍ਹਵੀਂ
# ਲਾਜ਼ਮੀ ਪੰਜਾਬੀ
# ਸਮੈਸਟਰ-1
# ਨਮੂਨੇ ਦਾ ਪ੍ਰਸ਼ਨ-ਪੱਤਰ

**ਸਮਾਂ : 3 ਘੰਟੇ** **ਕੁੱਲ ਅੰਕ : 70**

ਪ੍ਰਸ਼ਨ ਨੰ : 1 ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਿਦਾਇਤਾਂ ਅਨੁਸਾਰ ਉੱਤਰ ਲਿਖੋ।

(ੳ) 'ਸੁਹਾਗ' ਗਾਏ ਜਾਂਦੇ ਹਨ__________

(i) ਵਿਆਹੇ ਜਾਣ ਵਾਲ਼ੇ ਮੁੰਡੇ ਦੇ ਘਰ (ii) ਬਰਾਤ ਰਵਾਨਾ ਹੋਣ ਸਮੇਂ
(iii) ਵਿਆਹੀ ਜਾਣ ਵਾਲ਼ੀ ਕੁੜੀ ਦੇ ਘਰ (iv) ਤਿੰਨਾਂ ਵਿੱਚੋਂ ਕੋਈ ਨਹੀਂ

(ਅ) 'ਸਿੱਠਣੀ' ਪੂਰੀ ਕਰੋ :
ਅਸਾਂ ਨਾ ਲੈਣੇ ਪੱਤਾਂ ਬਾਝ ਕਰੇਲੇ।
ਲਾੜੇ ਦਾ ਚਾਚਾ ਇਉਂ ਝਾਕੇ ਜਿਵੇਂ__________________________।

(ੲ) 'ਪ੍ਰਹਿਲਾਦ ਭਗਤ' ਇੱਕ___________________

(i) ਮਿੱਥ ਕਥਾ ਹੈ। (ii) ਦੰਤ ਕਥਾ ਹੈ।
(iii) ਨੀਤੀ ਕਥਾ ਹੈ। (iv) ਪਰੀ ਕਥਾ ਹੈ।

(ਸ) 'ਸਬਜ਼ ਪਰੀ' ਲੋਕ ਕਥਾ ਵਿੱਚ ਮੀਰਜ਼ਾਦੇ ਨੂੰ ਸਬਜ਼ ਪਰੀ ਦੇ ਦੇਸ ਕੌਣ ਲੈ ਕੇ ਗਿਆ ?

(ਹ) ਸਹੀ ਮਿਲ਼ਾਨ ਕਰੋ____________

| I | II |
|---|---|
| Adult | ਦਾਅਵਾ |
| Claim | ਲੇਖਾ ਪੜਤਾਲ |
| | ਬਾਲਗ |

(ਕ) 'Remuneration' ਦਾ ਅਰਥ ਹੈ__________________

(i) ਸੇਵਾ () ਸੇਵਾ ਫਲ਼
() ਸੇਵਾ-ਪੱਤਰੀ () ਛਾਂਟੀ

(ਖ) 'Direct Recruitment' ਸ਼ਬਦ ਦਾ ਪੰਜਾਬੀ ਰੂਪ ਲਿਖੋ।

(ਗ) "ਜਦੋਂ ਕੋਈ ਦੁੱਖੀ ਹੋਏ ਨੂੰ ਹੋਰ ਦੁੱਖੀ ਕਰੇ" ਅਜਿਹੀ ਸਥਿਤੀ ਵਿੱਚ ਵਰਤਿਆ ਜਾਣ ਵਾਲ਼ਾ ਢੁਕਵਾਂ ਮੁਹਾਵਰਾ ਲਿਖੋ।

(ਘ) 'ਕਲਮ ਦੇ ਧਨੀ' ਹੋਣ ਤੋਂ ਭਾਵ ਹੈ_____________

(i) ਧਨਵਾਨ ਹੋਣਾ (iii) ਮਹਿੰਗੀ ਕਲਮ ਨਾਲ਼ ਲਿਖਣਾ

(ii) ਵੱਡਾ ਲੇਖਕ ਹੋਣਾ (iv) ਕਲਮ ਵੇਚ ਕੇ ਧਨ ਕਮਾਉਣਾ

1● X 1 = 10

ਪ੍ਰਸ਼ਨ ਨੰ : 2 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦਾ ਉੱਤਰ ਲਿਖੋ :-

(ੳ) ਪਾਠ-ਪੁਸਤਕ ਵਿੱਚੋਂ ਆਪਣੀ ਮਨ-ਪਸੰਦ ਦੇ ਤਿੰਨ ਟੱਪੇ ਚੁਣ ਕੇ ਲਿਖੋ।

(ਅ) 'ਧਰਤੀ ਜੇਡ ਗ਼ਰੀਬ ਨਾ ਕੋਈ' ਬੋਲੀ ਵਿੱਚ ਕਿਸ-ਕਿਸ ਦੀ ਵਡਿਆਈ ਕੀਤੀ ਗਈ ਹੈ।

(ੲ) ਪਾਠ-ਪੁਸਤਕ ਵਿਚ ਦਿੱਤੇ ਕਿਹੜੇ ਮਾਹੀਏ ਵਿੱਚ ਨਾਇਕਾ ਦੀ ਬੇਵਸੀ ਵਾਲ਼ੀ ਸਥਿਤੀ ਪ੍ਰਗਟ ਹੋਈ ਹੈ?

(ਸ) 'ਉੱਭੇ ਦੇ ਬੱਦਲ' ਢੋਲੇ ਵਿੱਚ ਨਾਇਕਾ ਕੀ ਕਾਮਨਾ ਕਰਦੀ ਹੈ?

3 + 3 = 6

ਪ੍ਰਸ਼ਨ ਨੰ : 3 ਹੇਠ ਲਿਖੀਆਂ ਲੋਕ-ਕਥਾਵਾਂ ਵਿਚੋਂ ਕਿਸੇ ਇੱਕ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ੳ) ਲਾਲ਼ਸਾ ਦੀ ਚੱਕੀ

(ਅ) ਪੂਰਨ ਭਗਤ

8

ਪ੍ਰਸ਼ਨ ਨੰ : 4 ਹੇਠ ਲਿਖੇ ਅੰਗਰੇਜ਼ੀ ਦੇ ਵਾਕਾਂ ਵਿੱਚੋਂ ਕਿਸੇ ਤਿੰਨ ਦੇ ਪੰਜਾਬੀ ਰੂਪ ਲਿਖੋ।

(ੳ) The address on the letter must be legible.

(ਅ) No enclosure allowed in the Inland letter.

(ੲ) Use block letters for filling the telegram form.

(ਸ) The account is finally closed.

(ਹ) Signature of witness/identifier.

(ਕ) The premium is payable on 17th June.

3 X 2 = 6

ਪ੍ਰਸ਼ਨ ਨੰ : 5 'ਕਿਸੇ ਚੰਗੇ ਕਰਮਚਾਰੀ ਦੀ ਸਿਫ਼ਤ ਬਾਰੇ' ਜਾਂ 'ਆਤਮ ਹੱਤਿਆਵਾਂ ਦੇ ਵੱਧ ਰਹੇ ਰੁਝਾਨ' ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

2 + 6 + 2 = 10

ਪ੍ਰਸ਼ਨ ਨੰ : 6 'ਨਾਂ ਬਦਲਣ ਸੰਬੰਧੀ' ਅਖ਼ਬਾਰ ਵਿੱਚ ਛਪਵਾਉਣ ਹਿੱਤ ਇਸ਼ਤਿਹਾਰ ਲਿਖੋ।

ਜਾਂ

ਤੁਹਾਡੇ ਪਿੰਡ ਦੇ ਨੌਜਵਾਨ ਮੰਚ ਵੱਲੋਂ ਪਿੰਡ ਵਿੱਚ ਇੱਕ ਇੱਕ ਸੱਭਿਆਚਾਰਕ ਸਮਾਗਮ ਕਰਵਾਇਆ ਜਾ ਰਿਹਾ ਹੈ, ਇਸ ਸੰਬੰਧੀ ਇੱਕ ਸੱਦਾ ਪੱਤਰ ਲਿਖੋ।

1●

ਪ੍ਰਸ਼ਨ ਨੰ : 7 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ 'ਤੇ ਲਗ-ਪਗ 15● ਸ਼ਬਦਾਂ ਦਾ ਪੈਰਾ ਲਿਖੋ।

(ੳ) ਛਤਰੀ

(ਅ) ਸਲੀਕਾ

(ੲ) ਵੱਧ ਰਿਹਾ ਫੈਸ਼ਨ

1●

ਪ੍ਰਸ਼ਨ ਨੰ : 8 ਹੇਠ ਲਿਖੇ ਮੁਹਾਵਰਿਆਂ ਵਿੱਚੋਂ ਪੰਜ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ।

ਜਸ ਦਾ ਟਿੱਕਾ ਲੈਣਾ, ਘੁੰਡੀ ਖੋਲ੍ਹਣੀ, ਟਹਿ-ਟਹਿ ਕਰਨਾ, ਦੀਦੇ ਗਾਲਣੇ, ਬੱਜ ਪੈਣੀ, ਵਾਂਛਾਂ ਖਿੜ ਜਾਣੀਆਂ, ਪਾਣੀ ਸਿਰੋਂ ਲੰਘਣਾ, ਯੱਕੜ ਮਾਰਨਾ

5 X 2 = 10

**ਸ਼੍ਰੇਣੀ- ਗਿਆਰ੍ਹਵੀਂ**
**ਲਾਜ਼ਮੀ ਪੰਜਾਬੀ**
**ਸਮੈਸਟਰ- II**
**ਨਮੂਨੇ ਦਾ ਪ੍ਰਸ਼ਨ-ਪੱਤਰ**

**ਸਮਾਂ : 3 ਘੰਟੇ** **ਕੁਲ ਅੰਕ : 70**

ਪ੍ਰਸ਼ਨ ਨੰ : 1 ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਿਦਾਇਤਾਂ ਅਨੁਸਾਰ ਉੱਤਰ ਲਿਖੋ।

(ੳ) ਲੋਕ ਗੀਤਾਂ ਦੀ ਕਿਸ ਵੰਨਗੀ ਨੂੰ 'ਪੁਰਾਤਨ ਖੁਲ੍ਹੀ ਕਵਿਤਾ' ਕਿਹਾ ਜਾ ਸਕਦਾ ਹੈ

(i) ਸੁਹਾਗ ਨੂੰ (ii) ਢੋਲੇ ਨੂੰ
(iii) ਘੋੜੀਆਂ ਨੂੰ (iv) ਬੋਲੀਆਂ ਨੂੰ

(ਅ) 'ਮਾਹੀਆ' ਪੂਰਾ ਕਰੋ_______________

ਦੋ ਪੱਤਰ ਅਨਾਰਾਂ ਦੇ
ਸਾਡੀ ਗਲ਼ੀ ਲੰਘ ਮਾਹੀਆ,
ਦੁੱਖ_______________

(ੲ) ਹੇਠ-ਲਿਖੀਆਂ ਲੋਕ-ਕਥਾਵਾਂ ਵਿੱਚੋਂ 'ਨੀਤੀ ਕਥਾ ਕਿਹੜੀ ਹੈ।

(i) ਲਾਲ਼ਸਾ ਦੀ ਚੱਕੀ (iii) ਹੀਰ-ਰਾਂਝਾ
(ii) ਪੂਰਨ ਭਗਤ (iv) ਦੁੱਲਾ ਭੱਟੀ

(ਸ) 'ਰਾਜਾ-ਰਸਾਲੂ' ਲੋਕ-ਕਥਾ ਵਿੱਚ 'ਕੋਕਲਾਂ' ਕਿਸ ਦੀ ਧੀ ਸੀ।

(ਹ) ਸਹੀ ਮਿਲ਼ਾਨ ਕਰੋ।

| I | II |
|---|---|
| Agenda | ਬਰਫ਼ਾਨੀ ਤੋਦਾ |
| Glacier | ਖਾੜੀ |
| | ਕਾਰਜ ਸੂਚੀ |

(ਕ) Inertia ਸ਼ਬਦ ਦਾ ਅਰਥ ਹੈ _______________

(i) ਅੰਦਰੂਨੀ (ii) ਅੰਦਰ ਆਉਣਾ
(iii) ਜੜ੍ਹਤਾ (iv) ਤਿੰਨਾਂ ਵਿੱਚੋਂ ਕੋਈ ਨਹੀਂ

(ਖ) 'Veledictory' ਸ਼ਬਦ ਦਾ ਪੰਜਾਬੀ ਰੂਪ ਲਿਖੋ।

(ਗ) ਜਦੋਂ ਖ਼ੁਸ਼ੀ ਵਿੱਚ ਵਿਘਨ ਪੈ ਜਾਵੇ- ਅਜਿਹੀ ਸਥਿਤੀ ਵਿੱਚ ਵਰਤਿਆ ਜਾਣ ਵਾਲ਼ਾ ਢੁਕਵਾਂ ਮੁਹਾਵਰਾ ਲਿਖੋ।

(ਘ) ਦੰਦਾ ਹੇਠਾਂ ਜੀਭ ਦੇਣ ਤੋਂ ਕੀ ਭਾਵ ਹੈ-

(i) ਸਬਰ ਨਾਲ਼ ਦੁੱਖ ਝੱਲਣਾ (ii) ਸ਼ਰਮਾਉਣਾ

(iii) ਦੰਦਾਂ ਨਾਲ਼ ਜੀਭ ਕੱਟਣਾ (iv) ਡਰ ਜਾਣਾ

1● X 1 = 10

ਪ੍ਰਸ਼ਨ ਨੰ : 2 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦਾ ਉੱਤਰ ਲਿਖੋ।

(ੳ) 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕੀ ਕਹਿੰਦੀ ਹੈ ਅਤੇ ਕਿਉਂ।

(ਅ) 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਬਾਬਲ ਅਤੇ ਧੀ ਦੇ ਵਾਰਤਾਲਾਪ ਨੂੰ ਵਾਰਤਕ ਵਿੱਚ ਲਿਖੋ।

(ੲ) 'ਨਿੱਕੀ-ਨਿੱਕੀ ਬੂੰਦੀ' ਨਾਂ ਦੀ ਘੋੜੀ ਵਿੱਚ ਮਾਂ ਕਦੋਂ ਪਾਣੀ ਵਾਰ ਕੇ ਪੀਂਦੀ ਹੈ।

(ਸ) ਸਿੱਠਣੀਆਂ ਵਿੱਚ ਮਜ਼ਾਕ ਦਾ ਪਾਤਰ ਕੌਣ-ਕੌਣ ਬਣਦਾ ਹੈ।

3 + 3 = 6

ਪ੍ਰਸ਼ਨ ਨੰ : 3 ਹੇਠ ਲਿਖੀਆਂ ਕਥਾਵਾਂ ਵਿੱਚੋਂ ਕਿਸੇ ਇੱਕ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ੳ) ਨਲ ਅਤੇ ਦਮਿਅੰਤੀ

(ਅ) ਨੀਲ ਕਮਲ

8

ਪ੍ਰਸ਼ਨ ਨੰ : 4 ਹੇਠ ਲਿਖੇ ਅੰਗਰੇਜ਼ੀ ਦੇ ਵਾਕਾਂ ਵਿੱਚੋਂ ਕੋਈ ਤਿੰਨ ਦੇ ਪੰਜਾਬੀ ਰੂਪ ਲਿਖੋ।

(ੳ) It is for office use only.

(ਅ) It is better to have a joint account in the bank.

(ੲ) Interest upon deposit ceases from the due dates.

(ਸ) Beware of pick-pockets.

(ਹ) Smoking is injurious to health.

(ਕ) Caution, railway crossing is ahead.

3 X 2 = 6

ਪ੍ਰਸ਼ਨ ਨੰ : 5 'ਹੜ੍ਹਾਂ ਵਿੱਚ ਹੋਏ ਨੁਕਸਾਨ ਬਾਰੇ' ਜਾਂ 'ਨਸ਼ਿਆਂ ਦੀ ਸਮੱਸਿਆ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

2 + 6 + 2 = 10

ਪ੍ਰਸ਼ਨ ਨੰ : 6 ਆਪਣੀ ਭੈਣ ਲਈ ਵਰ ਲੱਭਣ ਲਈ ਇਸ਼ਤਿਹਾਰ ਲਿਖੋ।

ਜਾਂ

ਆਪਣੀ ਦਾਦੀ ਜੀ ਦੀ ਅੰਤਿਮ ਅਰਦਾਸ ਲਈ ਸੱਦਾ ਪੱਤਰ ਲਿਖੋ।

1●

ਪ੍ਰਸ਼ਨ ਨੰ : 7 ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲਗ-ਪਗ 15● ਸ਼ਬਦਾਂ ਦਾ ਪੈਰਾ ਲਿਖੋ।

(ੳ) ਭੀੜ (ਅ) ਚੰਗੀ ਬੋਲ-ਚਾਲ (ੲ) ਸਫ਼ਾਈ

1●

ਪ੍ਰਸ਼ਨ ਨੰ : 8 ਹੇਠ ਲਿਖੇ ਮੁਹਾਵਰਿਆਂ ਵਿੱਚੋਂ ਪੰਜ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ:- ਉੱਘ-ਸੁੱਘ ਮਿਲ਼ਣੀ, ਅੱਖਾਂ ਵਿੱਚ ਲਾਲ਼ੀ ਉਤਰਨੀ, ਸ਼ਨੀਚਰ ਆਉਣਾ, ਕੱਚਿਆਂ ਖਾ ਜਾਣਾ, ਖ਼ਾਨਾ ਖ਼ਰਾਬ ਹੋਣਾ, ਕੱਚ ਤੋਂ ਕੰਚਨ ਬਣਾਉਣਾ, ਖ਼ੂਨ ਸਫ਼ੈਦ ਹੋਣਾ, ਉੱਧੜ ਧੁੰਮੀ ਮਚਾਉਣਾ

5 X 2 = 10